# 11th round of Foreign Office Consultations between India and Estonia

November 26, 2021

..............................

## ਭਾਰਤ ਅਤੇ ਇਸਟੋਨੀਆ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਸਲਾਹ-ਮਸ਼ਵਰੇ ਦਾ 11ਵਾਂ ਗੇੜ

26 ਨਵੰਬਰ, 2021

1. ਭਾਰਤ ਅਤੇ ਇਸਟੋਨੀਆ ਦੇ ਵਿਦੇਸ਼ ਦਫ਼ਤਰਾਂ ਦਰਮਿਆਨ ਸਲਾਹ-ਮਸ਼ਵਰੇ ਦਾ 11ਵਾਂ ਗੇੜ 25 ਨਵੰਬਰ, 2021 ਨੂੰ ਟੈਲਿਨ ਵਿਖੇ ਹੋਇਆ। ਭਾਰਤੀ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਅੰਦਰ ਸਕੱਤਰ (ਪੱਛਮ) ਸ੍ਰੀਮਤੀ ਰੀਨਤ ਸੰਧੂ ਨੇ ਕੀਤੀ ਅਤੇ ਇਸਟੋਨੀਅਨ ਵਫ਼ਦ ਦੀ ਅਗਵਾਈ ਵਿਦੇਸ਼ ਮੰਤਰਾਲੇ ਵਿੱਚ ਰਾਜਨੀਤਿਕ ਮਾਮਲਿਆਂ ਦੇ ਅੰਡਰ ਸੈਕਟਰੀ ਸ੍ਰੀ ਰੀਨ ਟੈਮਸਰ ਨੇ ਕੀਤੀ।

2. ਇਹ FOC ਅਜਿਹੇ ਸਮੇਂ ਹੋ ਰਹੀ ਹੈ ਜਦੋਂ ਭਾਰਤ ਅਤੇ ਇਸਟੋਨੀਆ ਆਪਣੇ ਕੂਟਨੀਤਕ ਸਬੰਧਾਂ ਦੇ 30 ਸਾਲ ਪੂਰੇ ਹੋਣ ਦੇ ਜਸ਼ਨ ਮਨਾ ਰਹੇ ਹਨ ਅਤੇ ਉਹ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਗੈਰ-ਸਥਾਈ ਮੈਂਬਰ ਵੀ ਹਨ। ਇਸਟੋਨੀਅਨ ਪੱਖ ਨੇ ਭਾਰਤ ਵੱਲੋਂ ਟੈਲਿਨ ਵਿਖੇ ਰੈਜ਼ੀਡੈਂਟ ਮਿਸ਼ਨ ਖੋਲ੍ਹਣ ਦੇ ਫੈਸਲੇ ਦਾ ਸਵਾਗਤ ਕੀਤਾ ਅਤੇ ਇਸਦੇ ਛੇਤੀ ਖੁੱਲਣ ਦੀ ਉਮੀਦ ਕੀਤੀ। ਉਨ੍ਹਾਂ ਨੇ ਭਾਰਤ ਦੀ ਆਜ਼ਾਦੀ ਦੇ 75 ਸਾਲਾ ਜਸ਼ਨਾਂ 'ਤੇ ਵੀ ਵਧਾਈ ਦਿੱਤੀ। ਭਾਰਤ ਨੇ ਕੋਵਿਸ਼ੀਲਡ ਅਤੇ ਕੋਵੈਕਸੀਨ ਅਤੇ ਭਾਰਤੀ ਟੀਕਾਕਰਨ ਸਰਟੀਫਿਕੇਟ, ਦੋਵਾਂ ਨੂੰ ਮਾਨਤਾ ਦੇਣ ਵਾਲੇ ਪਹਿਲੇ ਦੇਸ਼ਾਂ ਵਿੱਚੋਂ ਇੱਕ ਹੋਣ ਲਈ ਈਸਟੋਨੀਆ ਦੀ ਸ਼ਲਾਘਾ ਕੀਤੀ।

3. ਇਸ FOC ਨਾਲ ਸਮੁੱਚੇ ਦੁਵੱਲੇ ਸਬੰਧਾਂ ਦੀ ਸਮੀਖਿਆ ਕਰਨ ਦਾ ਮੌਕਾ ਮਿਲਿਆ। ਦੋਵੇਂ ਧਿਰਾਂ ਨੇ ਕਈ ਖੇਤਰਾਂ ਵਿੱਚ ਸਾਡੀ ਭਾਈਵਾਲੀ ਦੇ ਸਕਾਰਾਤਮਕ ਰਫਤਾਰ 'ਤੇ ਤਸੱਲੀ ਪ੍ਰਗਟਾਈ। ਉਨ੍ਹਾਂ ਨੇ ਸਾਈਬਰ ਸੁਰੱਖਿਆ ਅਤੇ ਡਿਜੀਟਲਾਈਜ਼ੇਸ਼ਨ, ਡੇਟਾ ਸੁਰੱਖਿਆ ਅਤੇ ਈ-ਗਵਰਨੈਂਸ ਦੇ ਖੇਤਰਾਂ ਵਿੱਚ ਚੱਲ ਰਹੇ ਅਤੇ ਭਵਿੱਖੀ  ਸਹਿਯੋਗ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਸਾਈਬਰ ਸੁਰੱਖਿਆ 'ਤੇ ਗੱਲਬਾਤ ਸਥਾਪਤ ਕਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ ਉੱਤੇ ਸਹਿਮਤੀ ਦਿੱਤੀ। ਉਨ੍ਹਾਂ ਨੇ ਸਿਹਤ ਤਕਨੀਕ, ਖੋਜ ਅਤੇ ਨਵੀਨਤਾ, ਸਿੱਖਿਆ ਅਤੇ ਸਟਾਰਟਅੱਪ ਵਰਗੇ ਸਹਿਯੋਗ ਦੇ ਨਵੇਂ ਅਤੇ ਉੱਭਰ ਰਹੇ ਖੇਤਰਾਂ ਦੀ ਤਲਾਸ਼ ਕਰਨ ਉੱਤੇ ਵੀ ਸਹਿਮਤੀ ਦਿੱਤੀ। ਦੋਵੇਂ ਧਿਰਾਂ ਵਪਾਰ ਅਤੇ ਨਿਵੇਸ਼ ਨੂੰ ਵਧਾਉਣ ਅਤੇ ਸੱਭਿਆਚਾਰ, ਫਿਲਮਾਂ ਅਤੇ ਸੈਰ-ਸਪਾਟੇ ਵਿੱਚ ਸਹਿਯੋਗ ਨੂੰ ਉਤਸ਼ਾਹਿਤ ਕਰਨ ਦੀ ਲੋੜ 'ਤੇ ਸਹਿਮਤ ਹੋਈਆਂ।

4. ਦੋਵਾਂ ਧਿਰਾਂ ਨੇ ਅਫਗਾਨਿਸਤਾਨ, ਭਾਰਤ- ਪ੍ਰਸ਼ਾਂਤ ਅਤੇ ਭਾਰਤ-ਯੂਰਪੀ ਸੰਘ ਭਾਈਵਾਲੀ ਸਮੇਤ ਆਪਸੀ ਹਿੱਤਾਂ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਨੇ ਸੰਯੁਕਤ ਰਾਸ਼ਟਰ ਅਤੇ ਹੋਰ ਬਹੁਪੱਖੀ ਮੰਚਾਂ ਵਿੱਚ ਸਹਿਯੋਗ ਵਧਾਉਣ 'ਤੇ ਵੀ ਸਹਿਮਤੀ ਦਿੱਤੀ।

5. ਸਕੱਤਰ (ਪੱਛਮ) ਨੇ ਈਸਟੋਨੀਆ ਦੀ ਵਿਦੇਸ਼ ਮੰਤਰੀ ਸ਼੍ਰੀਮਤੀ ਈਵਾ-ਮਾਰੀਆ ਲੀਮੇਟਸ ਨਾਲ ਮੁਲਾਕਾਤ ਕੀਤੀ ਅਤੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਮੌਕਿਆਂ 'ਤੇ ਚਰਚਾ ਕੀਤੀ। ਸਕੱਤਰ (ਪੱਛਮ) ਨੇ ਪਾਰਲੀਮੈਂਟ ਵਿੱਚ ਵਿਦੇਸ਼ੀ ਮਾਮਲਿਆਂ ਦੀ ਕਮੇਟੀ ਦੇ ਚੇਅਰਮੈਨ ਮਾਰਕੋ ਮਿਹਕੇਲਸਨ ਅਤੇ ਸੰਸਦ ਮੈਂਬਰ ਸ਼੍ਰੀ ਰਾਇਵੋ ਟੈਮ ਨਾਲ ਵੀ ਮੁਲਾਕਾਤ ਕਰ ਸੰਸਦੀ ਸਹਿਯੋਗ ਬਾਰੇ ਚਰਚਾ ਕੀਤੀ ਅਤੇ ਆਪਸੀ ਹਿੱਤਾਂ ਦੇ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ।

ਟੈਲਿਨ
25 ਨਵੰਬਰ, 2021

DISCLAIMER: This is an approximate translation. The original is available in English on MEA’s website and may be referred to as the official press release.